# ਜਿਨ ਸਚੁ ਪਲੈ ਹੋਇ

੨੨.੯.੯੧



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਗੁਰਦਿਆਲ ਸਿੰਘ ਫੁੱਲ ਹੋਰਾਂ ਦੇ ਲਿਖੇ ਨਾਟਕ 'ਜਿਨ ਸਚੁ ਪਲੈ ਹੋਇ' ਦੀ ਪੰਜਾਬੀ ਨਾਟਕ ਇਤਿਹਾਸ ਵਿਚ ਥਾਂ ਸਭ ਤੋਂ ਵੱਧ ਖੇਡੇ ਜਾਣ ਵਾਲੇ ਨਾਟਕ ਦੇ ਰੂਪ ਵਿਚ ਤਾਂ ਕਾਇਮ ਰਹੇਗੀ ਹੀ, ਪਰ ਮੇਰੇ ਨਾਟਕ ਸਫਰ ਵਿਚ ਇਸ ਨਾਟਕ ਦੀ ਥਾਂ ਇਸ ਕਰਕੇ ਨਿਸਚਿਤ ਹੈ ਕਿ ਇਹ ਨਾਟਕ ਮੈਨੂੰ ਸ਼ਹਿਰਾਂ ਵਿਚੋਂ ਕੱਢ ਕੇ ਪਿੰਡਾਂ ਵਲ ਲੈ ਕੇ ਗਿਆ। 1969 ਵਿਚ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਜਨਮ ਉਤਸਵ ਬੜੀ ਵੱਡੀ ਪੱਧਰ 'ਤੇ ਪੰਜਾਬ ਵਿਚ ਮਨਾਇਆ ਗਿਆ। ਇਹ ਨਾਟਕ ਇਸ ਉਤਸਵ ਦੀ ਹੀ ਦੇਣ ਹੈ। ਤਿੰਨ ਸਾਲ ਦੇ ਸਮੇਂ ਵਿਚ ਇਸ ਦੀਆਂ ਇਕ ਹਜ਼ਾਰ ਤੋਂ ਵੱਧ ਪੇਸ਼ਕਾਰੀਆਂ ਹੋਈਆਂ। ਬਹੁਤ ਵਾਰੀ ਇਸ ਨਾਟਕ ਦੀਆਂ ਇਕ ਦਿਨ ਵਿਚ ਤਿੰਨ ਤਿੰਨ ਵੀ ਪੇਸ਼ਕਾਰੀਆਂ ਮੈਂ ਆਪਣੀ ਟੀਮ ਨਾਲ ਕੀਤੀਆਂ।

ਗੁਰਦਿਆਲ ਸਿੰਘ ਫੁੱਲ ਹੋਰਾਂ ਦੇ ਨਾਟਕ 'ਸਭ ਕਿਛੁ ਹੋਤ ਉਪਾਇ' ਦੀ ਸਫਲਤਾ ਨੇ ਇਹ ਤਾਂ ਸਾਬਤ ਕਰ ਦਿੱਤਾ ਸੀ ਕਿ ਗੁਰੂ ਦੀ ਬਾਣੀ ਨੂੰ ਨਾਇਕ ਬਣਾ ਕੇ ਉਨ੍ਹਾਂ ਦੇ ਆਪਣੇ ਸਰੂਪ ਨੂੰ ਜਾਂ ਹੋਰ ਕਿਸੇ ਇਤਿਹਾਸਕ ਧਾਰਮਿਕ ਸ਼ਖਸੀਅਤ ਨੂੰ ਸਟੇਜ ਤੇ ਲਿਆਏ ਬਗੈਰ ਇਕ ਸਫਲ ਨਾਟਕ ਉਸਾਰਿਆ ਜਾ ਸਕਦਾ ਹੈ ਪਰ ਇਸ ਨਾਟਕ ਦੀ ਪਹਿਲੇ ਨਾਟਕ ਦੇ ਮੁਕਾਬਲੇ ਵਿਚ ਵੱਧ ਸਫਲਤਾ ਦਾ ਕਾਰਨ ਇਸ ਦਾ ਸ਼ਕਤੀਸ਼ਾਲੀ ਸਮਾਜ ਸੁਨੇਹਾ ਸੀ ਜੋ ਹਰ ਪੜਾਅ 'ਤੇ ਸਮਕਾਲੀ ਦੇ ਹਾਣ ਦਾ ਹੋ ਕੇ ਨਿਬੜਦਾ ਸੀ। ਫੁੱਲ ਹੋਰਾਂ ਨੇ ਇਹ ਨਾਟਕ ਦੋ ਘੰਟੇ ਦਾ ਪੂਰਾ ਨਾਟਕ ਲਿਖਿਆ ਤੇ ਸਮਾਜ ਦੇ ਬਹੁਤ ਸਾਰੇ ਪੱਖਾਂ ਨੂੰ ਛੋਹਿਆ ਅਤੇ ਅੱਜ ਦੇ ਪ੍ਰਸੰਗ ਵਿਚ ਉਨ੍ਹਾਂ ਉਤੇ ਟਿਪੱਣੀ ਕੀਤੀ। ਮੈਂ ਲਿਖੇ ਗਏ ਪੂਰੇ ਨਾਟਕ ਦੀਆਂ ਦੋ ਪੇਸ਼ਕਾਰੀਆਂ ਕੀਤੀਆਂ ਪਰ ਮੈਨੂੰ ਮਹਿਸੂਸ ਹੋਇਆ ਕਿ ਘਟਨਾ ਅਸਥਾਨਾਂ ਦੀ ਘੜੀ ਮੁੜੀ ਬਦਲੀ ਕਰਕੇ ਅਤੇ ਬਹੁਤ ਸਾਰੇ ਪੱਖਾਂ ਨੂੰ ਇਕੋ ਵਾਰ ਲੈ ਕੇ ਨਾਟਕਾਂ ਦਾ ਪ੍ਰਭਾਵ ਖਿਲਰਿਆ ਖਿਲਰਿਆ ਰਹਿੰਦਾ ਹੈ, ਇਸ ਲਈ ਫੁੱਲ ਹੋਰਾਂ ਦੀ ਪ੍ਰਵਾਨਗੀ ਨਾਲ ਇਸ ਦਾ ਸੰਖੇਪ ਰੂਪ ਆਪਣੀ ਟੀਮ ਅਤੇ ਆਪਣੇ ਸਾਧਨਾਂ ਅਨੁਸਾਰ ਡੀਜ਼ਾਇਨ ਕੀਤਾ। ਮੈਂ ਇਹ ਗੱਲ ਡਾਇਰੀ ਵਿਚ ਖਾਸ ਤੌਰ 'ਤੇ ਦਰਜ ਕਰ ਰਿਹਾ ਹਾਂ ਕਿ ਕਿਸੇ ਨਾਟਕ ਨੂੰ ਹੱਥ ਪਾਉਣ ਤੋਂ ਪਹਿਲਾਂ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ। ਮੈਂ ਆਪਣੀਆਂ ਪੇਸ਼ਕਾਰੀਆਂ ਵਿਚ ਲਿਖੇ ਗਏ ਨਾਟਕ ਵਿਚਲੇ ਰਾਜਸੀ ਅਤੇ ਸਮਾਜਕ ਪੱਖ 'ਤੇ ਬਹੁਤ! ਜ਼ੋਰ ਦਿੱਤਾ ਤੇ ਇਹੀ ਸ਼ਾਇਦ ਇਸੇ ਨਾਟਕ ਦੀ ਸਫਲਤਾ ਦਾ ਵੱਡਾ ਕਾਰਨ ਹੋ ਨਿਬੜਿਆ।

ਸਾਰਾ ਨਾਟਕ ਇਕੋ ਘਟਨਾ ਅਸਥਾਨ ਤੇ ਵਾਪਰਦਾ ਹੈ ਪਰ ਇਸ ਦੇ ਸਮੇਂ ਦੇ ਅਨੁਸਾਰ ਦੋ ਵੱਖ ਵੱਖ ਭਾਗ ਹਨ। ਪਹਿਲੇ ਭਾਗ ਵਿਚ ਕਿਸਾਨ ਜਿਸ ਦਾ ਨਾਂ ਭਗਵਾਨ ਹੈ, ਉਹਦਾ ਘਰ ਹੈ। ਉਹ ਸਾਦਾ ਜਿਹਾ ਬੰਦਾ ਬੜੀ ਮਿਹਨਤ ਨਾਲ ਆਪਣਾ ਘਰ ਚਲਾ ਰਿਹਾ ਹੈ। ਜਰਵਾਣੇ ਉਹ ਦੀ ਮਿਹਨਤ ਲੁੱਟਦੇ ਹਨ। ਜ਼ਬਰਦਸਤੀ ਉਹ ਦੇ ਮੂੰਹ ਦੀ ਬੁਰਕੀ ਖੋਂਹਦੇ ਹਨ। ਉਹ ਦੇ 'ਤੇ ਜ਼ਬਰ ਕਰਦੇ ਹਨ ਪਰ ਉਹ ਬੇਵੱਸ ਹੈ। ਉਹ ਦੀ ਜ਼ਿੰਦਗੀ ਵਿਚ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਉਹ ਵੀ ਆਪਣੇ ਪਿੰਡ ਦੇ ਇਕ ਨੌਜਵਾਨ ਅਮਰ ਵਾਂਗੂੰ ਤੇ ਉਹ ਦੇ ਕਹੇ ਉਤੇ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਆਉਂਦਾ ਹੈ, ਉਹਦੀ ਸੋਚਣੀ ਵਿਚ ਕਾਇਆ ਕਲਪ ਹੁੰਦਾ ਹੈ। ਹੁਣ ਉਹ ਜ਼ੁਲਮ ਅੱਗੇ ਗੋਡੇ ਨਹੀਂ ਟੇਕਦਾ ਸਗੋਂ ਜ਼ਾਲਮ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਦਾ ਹੈ, ਗੁਰੂ ਦੀ ਬਾਣੀ ਇਸ ਕਾਇਆ ਕਲਪ ਦਾ ਕਾਰਨ ਹੈ ਤੇ ਇਹ ਬਾਣੀ ਹੀ ਥਾਂ ਥਾਂ 'ਤੇ ਨਾਟਕ ਵਿਚ ਭੂਮਿਕਾ ਨਿਭਾਂਦੀ ਹੈ।

ਨਾਟਕ ਦਾ ਆਰੰਭ ਬੜਾ ਨਾਟਕੀ ਹੈ। ਸੂਰਜ ਗ੍ਰਹਿਣ ਦਾ ਦਿਨ ਹੈ। ਭਗਵਾਨ ਦੀ ਘਰ ਵਾਲੀ ਧੰਨ ਦੇਈ ਗ੍ਰਹਿਣ ਦੀ ਪੂਜਾ ਲਈ ਸਮੱਗਰੀ ਇਕੱਠੀ ਕਰ ਰਹੀ ਹੈ ਜਦੋਂ ਪਿੰਡ ਦਾ ਇਕ ਕਮਲਾ ਹੋਇਆ ਪਾਤਰ, ਜਿਹੜਾ ਕਮਲਾ ਇਸ ਕਰਕੇ ਹੋ ਗਿਆ ਹੈ ਕਿਉਂਕਿ ਉਹਦੀਆਂ ਅੱਖਾਂ ਦੇ ਸਾਹਮਣੇ ਜਰਵਾਣਿਆਂ ਨੇ ਉਸ ਦੇ ਟੱਬਰ ਦੇ ਜੀਆਂ ਨੂੰ ਖਤਮ ਕਰ ਦਿੱਤਾ ਹੈ, ਟਿੱਪਣੀ ਕਰਦਾ ਹੈ, "ਮਾਈ ਕਦੀ ਡੁੱਬਦੇ ਨੂੰ ਨਾ ਪੂਜੋ, ਜੇ ਪੂਜਾ ਕਰਨੀ ਏ ਤਾਂ ਹਮੇਸ਼ਾਂ ਚੜ੍ਹਦੇ ਦੀ ਪੂਜਾ ਕਰੋ। ਜਿਹੜਾ ਡੁੱਬਦੇ ਨੂੰ ਪੂਜੇਗਾ, ਉਹ ਆਪ ਵੀ ਡੁੱਬੇਗਾ ਤੇ ਦੂਜਿਆਂ ਨੂੰ ਵੀ ਡੋਬੇਗਾ।"

ਇਸਤਰੀਆ ਦੇ ਸਤਿਕਾਰ ਦੀ ਗੱਲ ਥਾਂ ਥਾਂ ਤੇ ਨਾਟਕ ਵਿਚ ਹੁੰਦੀ ਹੈ। ਗੁਰੂ ਸਾਹਿਬ ਦਾ ਫਲਸਫਾ - "ਸੋ ਕਿਉਂ ਮੰਦਾ ਆਖੀਐ ਜਿਤੁ ਜੰਮਿ ਰਾਜਾਨ" -ਪੂਰੀ ਤਰ੍ਹਾਂ ਨਾਟਕ ਵਿਚ ਉਘੜਦਾ ਹੈ। ਹਾਕਮਾਂ ਦਾ ਸਿਪਾਹੀ ਭਗਵਾਨ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦਾ ਹੈ। ਧੰਨ ਦੇਈ ਕਹਿੰਦੀ ਹੈ। "ਇਸ ਸਿਪਾਹੀ ਨੂੰ ਤਾਂ, ਬੋਲਣ ਦਾ ਚੱਜ ਨਹੀਂ।" ਭਗਵਾਨ ਜਵਾਬ ਦਿੰਦਾ ਹੈ। "ਜੇ ਬੋਲਣ ਦਾ ਚੱਜ ਹੁੰਦਾ ਤਾਂ ਸਿਪਾਹੀ ਕਿਉਂ ਬਣਦਾ?" ਇਹ ਨਿੱਕਾ ਜਿਹਾ ਵਾਰਤਾਲਾਪ ਪੂਰੀ ਤਰ੍ਹਾਂ ਹਾਕਮਾਂ ਦੇ ਲਾਗੜੀਆਂ ਦੀ ਜ਼ਹਿਨੀਅਤ ਉਘੇੜਦਾ ਹੈ। ਜੋਗੀਆਂ ਨਾਲ ਟੱਕਰ ਹੁੰਦੀ ਹੈ। ਜੋਗੀ ਰੁਅਬ ਨਾਲ ਭਿੱਖਿਆ ਮੰਗਦਾ ਹੈ। ਧਮਕੀ ਵੀ ਦਿੰਦਾ ਹੈ। ਭਗਵਾਨ ਗੁਰੂ ਦੀ ਬਾਣੀ ਪੜ੍ਹਦਾ ਉਹ ਨੂੰ ਜਿੱਚ ਕਰਦਾ ਹੈ ਕਿ ਉਸ ਜੋਗ ਦਾ ਕੀ ਫਾਇਦਾ ਜੇ ਦੂਜਿਆਂ ਦੇ ਘਰੋਂ ਰੋਟੀਆਂ ਮੰਗਣ ਜਾਣਾ ਪਏ। ਨਾਟਕ ਦੇ ਪਹਿਲੇ ਮੋੜ 'ਤੇ ਜਦੋਂ ਜਰਵਾਣੇ ਭਗਵਾਨ ਦੇ ਮੂੰਹੋਂ ਰੋਟੀ ਖੋਂਹਦੇ ਹਨ ਤਾਂ ਭਗਵਾਨ ਆਪਣੇ ਇਰਾਦੇ ਨੂੰ ਇਨ੍ਹਾਂ ਸ਼ਬਦਾਂ ਨਾਲ ਬਿਆਨ ਕਰਦਾ ਹੈ "ਰੋਟੀ ਪੈਦਾ ਕਰਨਾ ਹੀ ਸਾਡਾ ਫਰਜ਼ ਨਹੀਂ, ਇਸ ਰੋਟੀ ਦੀ ਰਖਵਾਲੀ ਕਰਨਾ ਸਾਡਾ ਧਰਮ ਹੈ" ਇਸ ਨਾਟਕ ਵਿਚ ਕਿੰਨੇਂ ਹੀ, ਬਿਆਨ ਵਾਰਤਾਲਾਪ ਦੇ ਰੂਪ ਵਿਚ ਹਨ, ਜਿਹੜੇ ਸਦਾ ਜੀਵਤ ਸਚਾਈਆਂ ਨੂੰ ਪੇਸ਼ ਕਰਦੇ ਹਨ।

ਘਟਨਾ-ਦੁਰਘਟਨਾ ਵਿਚੋਂ ਲੰਘਦਾ ਤੇ ਸਮਾਜਕ ਸਥਿਤੀਆ ਉਤੇ ਜ਼ੋਰਦਾਰ ਟਿਪਣੀਆਂ ਕਰਦਾ, ਨਾਟਕ ਸਿਖਰੀ ਟੱਕਰ 'ਤੇ ਪੁੱਜਦਾ ਹੈ ਜਦੋਂ ਹਾਕਮ ਦੀ ਹਾਜ਼ਰੀ ਵਿਚ ਭਗਵਾਨ ਪਾਠ ਕਰਦਾ ਇਹ ਤੁੱਕ ਪੜ੍ਹਦਾ ਹੈ, "ਰਾਜੇ ਸ਼ੀਂਹ ਮੁੱਕਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ।" ਉਹ ਇਹ ਕਹਿਣ ਦੀ ਤਾਂ ਜੁਅਰਤ ਕਰਦਾ ਹੈ, ਕਿਉਂਕਿ ਉਹਦੇ ਪਲੇ ਸੱਚ ਹੈ। "ਸੱਚ ਸਭਨਾ ਹੋਇ ਦਾਰੂ, ਪਾਪ ਕਢੈ ਧੋਇ, ਨਾਨਾ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ" ਇਹ ਨਾਟਕ ਗੁਰੂ ਨਾਨਕ ਦੇਵ ਜੀ ਦਾ ਮਾਨਵਵਾਦੀ ਨੂੰ ਸੁਨੇਹਾ ਦੇਂਦਾ ਹੋਇਆ ਪੰਜਾਬ ਦੀ ਸਭਿਅਤਾ ਅਤੇ ਸਾਂਝੇ ਭਾਈਚਾਰੇ ਦੀ ਇਕ ਬੜੀ ਹੀ ਸ਼ਕਤੀਸ਼ਾਲੀ ਸਾਹਿਤਕ ਕ੍ਰਿਤ ਹੋ ਨਿਬੜਦਾ ਹੈ।

ਇਸ ਨਾਟਕ ਨੂੰ ਅਸੀਂ ਛੇ ਪਾਤਰ ਖੇਡਦੇ ਸਾਂ। ਮੈਂ ਆਪ, ਮੇਰੀ ਪਤਨੀ ਕੈਲਾਸ਼ ਕੌਰ, ਸਰਦਾਰਜੀਤ ਬਾਵਾ, ਅਨੂਪ ਕਮਲ, ਕ੍ਰਿਸ਼ਨ ਦਵੇਸਰ ਅਤੇ ਲੋਕ ਨਾਥ। ਸਰਦਾਰਜੀਤ ਬਾਵਾ ਕਿਸੇ ਕਿਸੇ ਵੇਲੇ ਤਿੰਨ ਭੂਮਿਕਾਵਾਂ ਵੀ ਨਿਭਾਂਦਾ ਸੀ। ਉਹ ਮੇਕ ਅੱਪ ਕਲਾ ਦਾ ਏਨਾ ਮਾਸਟਰ ਸੀ ਕਿ ਹਰ ਇਕ ਭੂਮਿਕਾ ਵਿਚ ਆਪਣੀ ਪਹਿਚਾਣ ਪੂਰੀ ਤਰ੍ਹਾਂ ਵੱਖ ਰੱਖਦਾ ਸੀ। ਇਹ ਨਾਟਕ ਉਨ੍ਹਾਂ ਦਿਨਾਂ ਵਿਚ 250-300 ਰੁਪਏ ਦੇ ਅੰਦਰ ਅੰਦਰ ਸਾਰੇ ਪੰਜਾਬ ਵਿਚ ਕੀਤਾ ਹੈ। 6 ਕਲਾਕਾਰ ਅਸੀਂ 15/- ਪ੍ਰਤੀ ਪੇਸ਼ਕਾਰੀ ਲਈ ਪਾਕਟ ਮਨੀ ਰੱਖਦੇ ਸਾਂ। 25/- ਪ੍ਰਤੀ ਪੇਸ਼ਕਾਰੀ ਫੁੱਲ ਸਾਹਿਬ ਨੂੰ ਦੇਂਦੇ ਸਾਂ। ਕਾਰ 80/- ਜਮ੍ਹਾਂ ਪੈਟਰੋਲ ਤੇ ਲੈਂਦੇ ਸਾਂ। ਪੈਟਰੋਲ 1.50 ਰੁਪਏ ਦੇ ਹਿਸਾਬ ਹੁੰਦਾ ਸੀ ਵੱਧ ਤੋਂ ਵੱਧ ਸਫਰ ਕਰੀਏ ਤਾਂ 90/- ਦਾ ਲਗਦਾ ਸੀ। 30-40 ਰੁਪਏ ਕਲੱਬ ਲਈ ਰੱਖਦੇ ਸਾਂ। 1964-71 ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀਆਂ ਸਰਗਰਮੀਆਂ ਵਿਚ ਜਿਹੜਾ 3700/- ਦਾ ਕਰਜ਼ਾ ਸਾਡੇ ਉਤੇ ਸੀ, ਇਹ ਅਸੀਂ ਨਾਟਕ ਦੀ ਬੱਚਤ ਵਿਚੋਂ ਹੀ ਲਾਹਿਆ। ਜਿਥੇ ਮੈਂ ਕਹਿੰਦਾ ਹਾਂ, ਕਿ ਇਹ ਨਾਟਕ ਮੇਰੇ ਨਾਟਕੀ ਸਫਰ ਦਾ ਇਕ ਮੋੜ ਹੈ, ਜੋ ਮੈਨੂੰ ਪਿੰਡਾਂ ਵਲ ਲੈ ਕੇ ਗਿਆ ਉਥੇ ਮੈਂ ਇਹ ਵੀ ਕਹਿੰਦਾ ਹਾਂ ਕਿ ਇਸ ਨਾਟਕ ਤੋਂ ਬਾਅਦ ਫੇਰ ਮੈਨੂੰ ਕਦੀ ਵੀ ਆਪਣੀਆਂ ਨਾਟਕ ਸਰਗਰਮੀਆਂ ਵਿਚ ਪੈਸੇ ਦੀ ਤੰਗੀ ਨਹੀਂ ਸਹਿਣੀ ਪਈ।

**ਪਿਛੋਂ ਲਿਖਿਆ ਨੋਟ :** 1971 ਤੋਂ 1991 ਤਕ ਇਨ੍ਹਾਂ ਵੀਹ ਸਾਲਾਂ ਤੋਂ ਪੰਜਾਬ ਦੇ ਪਿੰਡਾਂ ਵਿਚ 2000 ਦੇ ਕਰੀਬ ਵੱਖ ਵੱਖ ਨਾਟਕਾਂ ਦੀਆਂ ਪੇਸ਼ਕਾਰੀਆਂ ਕੀਤੀਆਂ ਹਨ। ਮੇਰਾ ਨਿਮਾਣਾ ਜਿਹਾ ਦਾਅਵਾ ਹੈ ਕਿ ਮੈਂ ਪੇਂਡੂ ਥੀਏਟਰ ਦਾ ਆਪਣਾ ਵੱਖਰਾ ਮੁਹਾਵਰਾ ਅਤੇ ਵੱਖਰਾ ਮੁਹਾਂਦਰਾ ਉਲੀਕਣ

